AGLASEM.COM

MID TERM

SAMPLE PAPER

Practice Question Paper | Model Paper | Sample Question Paper

2024-2025

aglasem.com

Practice paper

Mid Term

Class-X (004)

Subject-Punjabi

ਸਮਾਂ-3 ਘੰਟੇ ਅੰਕ-80

ਆਮ ਨਿਰਦੇਸ਼-

- ਸਾਰੇ ਪ੍ਰਸ਼ਨ ਲਾਜ਼ਮੀ ਹਨ|
- ਪ੍ਰਸ਼ਨਾਂ ਵਿੱਚ ਦਿੱਤੀ ਚੋਣ ਨੂੰ ਧਿਆਨ ਨਾਲ ਦੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ|
- ਪ੍ਰਸ਼ਨ ਨੰਬਰ ਅਤੇ ਉਪ-ਭਾਗ ਨੰਬਰ ਪ੍ਰਸ਼ਨ-ਪੱਤਰ ਅਨੁਸਾਰ ਲਿਖਿਆ ਜਾਵੇ|
- ਉੱਤਰਾਂ ਨੂੰ ਧਿਆਨ ਨਾਲ ਉੱਤਰ ਸ਼ੀਟ ਉੱਤੇ ਦਰਜ ਕੀਤਾ ਜਾਵੇ|

ਭਾਗ- ੳ (ਪੜ੍ਹਨ ਕੌਸ਼ਲ)

1)ਹੇਠ ਦਿੱਤੇ ਗਏ ਅਣਡਿੱਠੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ|
(2+2+2+1=7)

ਜੀਵਨ ਵਿੱਚ ਸਰੀਰਕ ਤੇ ਮਾਨਸਿਕ ਸੁੱਖ-ਦੁੱਖ ਆਉਂਦੇ ਰਹਿੰਦੇ ਹਨ|ਜੇਕਰ ਅਸੀਂ ਮਨ ਨੂੰ ਸੁਖੀ ਤੇ ਤਨ ਨੂੰ ਚੁਸਤ ਰੱਖਣਾ ਚਾਹੁੰਦੇ ਹਾਂ ਤਾਂ ਕਸਰਤ ਸਾਡੇ ਲਈ ਬਹੁਤ ਲਾਭਦਾਇਕ ਸਾਬਤ ਹੁੰਦੀ ਹੈ|ਖੇਡਾਂ ਵੀ ਕਸਰਤ ਦਾ ਹੀ ਇੱਕ ਰੂਪ ਹੈ|ਖੇਡਾਂ ਵਿੱਚ ਭਾਗ ਲੈਣ ਨਾਲ ਸਾਡੀਆਂ ਮਾਸਪੇਸ਼ੀਆਂ ਮਜਬੂਤ ਬਣਦੀਆਂ ਹਨ,ਖ਼ੂਨ ਦਾ ਸੰਚਾਰ ਹੁੰਦਾ ਹੈ,ਫੇਫੜਿਆਂ ਨੂੰ ਤਾਜ਼ੀ ਹਵਾ ਮਿਲਦੀ ਹੈ,ਪਾਚਨ-ਸ਼ਕਤੀ ਵੱਧਦੀ ਹੈ,ਤਨਾਵ ਦੂਰ ਹੁੰਦਾ ਹੈ|ਪ੍ਰਾਚੀਨ ਰਿਸ਼ੀਆਂ-ਮੁਨੀਆਂ ਨੇ ਵੀ ਕਸਰਤ ਅਤੇ ਯੋਗ-ਆਸਣ ਉੱਤੇ ਜ਼ੋਰ ਦਿੱਤਾ ਹੈ|ਰੋਜ਼ਾਨਾ ਕਸਰਤ ਕਰਨ ਵਾਲੇ ਮਨੁੱਖ ਦੇ ਨੇੜੇ ਰੋਗ ਅਤੇ ਬੁਢਾਪਾ ਜਲਦੀ ਨਹੀਂ ਆਉਂਦੇ|ਕਸਰਤ ਨਾ ਕਰਨ ਵਾਲਾ ਮਨੁੱਖ ਜਲਦੀ ਰੋਗੀ,ਬੇਡੌਲ ਸਰੀਰ ਵਾਲਾ,ਖਰਾਬ ਪਾਚਨ-ਸ਼ਕਤੀ,ਚਿੜਚਿੜਾ,ਗ਼ੁਸੈਲ ਤੇ ਤਨਾਵਗ੍ਰਸਤ ਹੋ ਜਾਂਦਾ ਹੈ|ਬੱਚਿਆਂ ਨੂੰ ਬਚਪਨ ਤੋਂ ਹੀ ਕਸਰਤ ਬਾਰੇ ਸਹੀ ਜਾਣਕਾਰੀ ਦੇ ਕੇ ਅਭਿਆਸ ਕਰਵਾਉਣਾ ਚਾਹੀਦਾ ਹੈ|ਕਸਰਤ ਨੂੰ ਆਪਣੀ ਉਮਰ ਤੇ ਭਾਰ ਦੇ ਅਨੁਸਾਰ ਕਰਨਾ ਚਾਹੀਦਾ ਹੈ|ਕਸਰਤ ਨੂੰ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ|ਕਸਰਤ ਤੋਂ ਬਾਅਦ ਸੰਤੁਲਿਤ ਭੋਜਨ

docs.aglasem.com

aglasem.com

ਕਰਨਾ ਵੀ ਜ਼ਰੂਰੀ ਹੈ|ਕਸਰਤ ਦੇ ਲਾਭ ਨੂੰ ਦੇਖਦੇ ਹੋਏ ਕਸਰਤ ਨੂੰ ਜੀਵਨ ਲਈ ਵਰਦਾਨ ਕਿਹਾ ਜਾ ਸਕਦਾ ਹੈ|ਬਿਮਾਰ ਵਿਅਕਤੀ ਕਦੇ ਵੀ ਜੀਵਨ ਦਾ ਆਨੰਦ ਨਹੀਂ ਮਾਣ ਸਕਦਾ|ਉਹ ਜੀਵਨ ਨੂੰ ਬੋਝ ਸਮਝਣ ਲੱਗ ਜਾਂਦਾ ਹੈ|ਕਸਰਤ ਕਰਨ ਵਾਲਾ ਵਿਅਕਤੀ ਪੂਰਾ ਦਿਨ ਹਲਕਾ ਅਤੇ ਤਾਜ਼ਗੀ ਮਹਿਸੂਸ ਕਰਦਾ ਹੈ|ਸਰੀਰ ਨੂੰ ਸਿਹਤਮੰਦ ਰੱਖਣ ਲਈ ਰੋਜ਼ਾਨਾ ਕਸਰਤ ਕਰਨੀ ਚਾਹੀਦੀ ਹੈ|

i) ਕਸਰਤ ਸਾਡੇ ਲਈ ਕਿਉ ਜ਼ਰੂਰੀ ਹੈ?

ii) ਕਸਰਤ ਨਾ ਕਰਨ ਵਾਲਾ ਵਿਅਕਤੀ ਕਿਸ ਤਰ੍ਹਾਂ ਦਾ ਹੋ ਜਾਂਦਾ ਹੈ?

iii) ਕਸਰਤ ਕਰਨ ਤੋਂ ਬਾਅਦ ਕੀ ਕਰਨਾ ਜ਼ਰੂਰੀ ਹੈ?

iv) ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਲਿਖੋ|

2) ਹੇਠ ਦਿੱਤੀ ਅਣਡਿੱਠੀ ਕਾਵਿ ਟੁਕੜੀ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ| 3x1 = 3

ਮਾਂ-ਬੋਲੀ ਮੇਰੀ,

ਮਾਂ ਵਰਗਾ ਸਕੂਨ ਹੈ ਦਿੰਦੀ|

ਅੱਖਰ ਉਹਦੇ ਮਿਸ਼ਰੀ ਤੋਂ ਮਿੱਠੇ,

ਸੁਗੰਧ ਫੁੱਲਾਂ ਤੋਂ ਨਿਆਰੀ|

ਇੱਕ-ਇੱਕ ਅੱਖਰ ਵਿੱਚ ਵੱਸੇ,

ਪੰਜਾਬ ਦੇ ਖ਼ੂਨ ਦੀ ਰਵਾਨਗੀ|

i) ਮਾਂ-ਬੋਲੀ ਕਿਸ ਵਰਗਾ ਸਕੂਨ ਦਿੰਦੀ ਹੈ?

ii) ਮਾਂ-ਬੋਲੀ ਦੇ ਅੱਖਰ ਕਿਸ ਤੋਂ ਮਿੱਠੇ ਹਨ?

iii) ਮਾਂ-ਬੋਲੀ ਦੇ ਅੱਖਰਾਂ ਵਿੱਚ ਕਿਸਦੇ ਖ਼ੂਨ ਦੀ ਰਵਾਨਗੀ ਹੈ?

ਭਾਗ-ਅ (ਵਿਆਕਰਨ)

3) ਸਮਾਸੀ ਸ਼ਬਦ (ਬਹੁਵਿਕਲਪੀ) 4x1=4

i) ਹੇਠ ਦਿੱਤੇ ਵਿਕਲਪਾਂ ਵਿੱਚੋਂ ਸਹੀ ਸਮਾਸੀ ਸ਼ਬਦ ਚੁਣੋ|

ੳ) ਨਾਲ-ਨਾਲ ਅ) ਹਾਲ-ਨਾਲ

docs.aglasem.com

aglasem.com

ਏ) ਕਾਲ-ਨਾਲ ਸ) ਤਾਲ-ਨਾਲ

ii) ਹੇਠ ਦਿੱਤੇ ਵਿਕਲਪਾਂ ਵਿੱਚੋਂ ਵਿਰੋਧੀ ਅਰਥਾਂ ਵਾਲਾ ਸਮਾਸੀ ਸ਼ਬਦ ਚੁਣੋ|

ੳ)ਪਾਣੀ-ਧਾਣੀ ਅ) ਅੱਗੇ-ਪਿੱਛੇ

ਏ)ਰੋਟੀ-ਚਾਟੀ ਸ) ਇਹਨਾਂ ਵਿੱਚੋਂ ਕੋਈ ਨਹੀਂ

iii)ਹੇਠ ਦਿੱਤੇ ਵਿਕਲਪਾਂ ਵਿੱਚੋਂ ਸਮਾਨ ਅਰਥਾਂ ਵਾਲਾ ਸਮਾਸੀ ਸ਼ਬਦ ਚੁਣੋ|

ੳ) ਧੁੱਪ-ਛਾਂ ਅ) ਕਾਲਾ-ਚਿੱਟਾ

ਏ) ਉੱਚਾ-ਨੀਵਾਂ ਸ) ਵਿਆਹ-ਸ਼ਾਦੀ

iv) ਸਮਾਸੀ ਸ਼ਬਦਾਂ ਨੂੰ ਜੋੜਨ ਵਾਲੇ (-) ਚਿਨ੍ਹ ਨੂੰ ਕੀ ਆਖਦੇ ਹਨ? ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣੋ|

ੳ) ਕੋਮਾ ਅ) ਡੰਡੀ

ਏ) ਜੋੜਨੀ ਸ) ਅੱਧਕ

4) ਬਹੁ-ਅਰਥਕ (ਬਹੁਵਿਕਲਪੀ) 4x1 = 4

i) ਹਾਲਤ ਅਤੇ ਵੱਡਾ ਕਮਰਾ ਸ਼ਬਦਾਂ ਲਈ ਦਿੱਤੇ ਗਏ ਵਿਕਲਪਾਂ ਵਿੱਚੋਂ ਸਹੀ ਬਹੁ-ਅਰਥਕ ਸ਼ਬਦ ਚੁਣੋ|

ੳ) ਕੋਠੀ ਅ) ਹਾਲ

ਏ) ਕੰਧ ਸ) ਇਹਨਾਂ ਵਿੱਚੋਂ ਕੋਈ ਨਹੀਂ

ii) ਮਾੜਾ ਸ਼ਬਦ ਦੇ ਸਹੀ ਬਹੁ-ਅਰਥਕ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣੋ|

ੳ) ਚੰਗਾ,ਮਾੜਾ ਅ) ਥੋੜਾ,ਮਾੜਾ

ਏ) ਬੁਰਾ,ਕਮਜ਼ੋਰ ਸ) ਇਹਨਾਂ ਵਿੱਚੋਂ ਕੋਈ ਨਹੀਂ

iii) ਜਵਾਬ, ਦਿਸ਼ਾ ਲਈ ਦਿੱਤੇ ਗਏ ਵਿਕਲਪਾਂ ਵਿੱਚੋਂ ਸਹੀ ਸ਼ਬਦ ਚੁਣੋ|

ੳ) ਦੱਖਣ ਅ) ਪੂਰਬ

ਏ) ਪ੍ਰਸ਼ਨ ਸ) ਉੱਤਰ

iv) ਬਹੁ ਅਰਥਕ ਸ਼ਬਦ ਕਿਸਨੂੰ ਆਖਦੇ ਹਨ? ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣੋ|

docs.aglasem.com

aglasem.com

ੳ) ਬਹੁਤੇ ਸ਼ਬਦਾਂ ਲਈ ਇੱਕ ਸ਼ਬਦ|

ਅ) ਉਹ ਸ਼ਬਦ ਜੋ ਇੱਕ ਤੋਂ ਜ਼ਿਆਦਾ ਅਰਥ ਰੱਖਦੇ ਹੋਣ|

ਏ) ਵਿਰੋਧੀ ਅਰਥਾਂ ਵਾਲੇ ਸ਼ਬਦ|

ਸ) ਪੁਲਿੰਗ ਤੇ ਇਸਤਰੀਲਿੰਗ ਦਾ ਭੇਦ ਦੱਸਣ ਵਾਲੇ ਸ਼ਬਦ|

5) ਕਿਰਿਆ ਵਿਸ਼ੇਸ਼ਣ (ਬਹੁਵਿਕਲਪੀ) 4x1 = 4

i) ਕਿਰਿਆ ਵਿਸ਼ੇਸ਼ਣ ਕਿਸਨੂੰ ਆਖਦੇ ਹਨ? ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣੋ|

ੳ) ਕਿਰਿਆ ਦਾ ਕਰਮ ਦੱਸਣ ਵਾਲੇ ਸ਼ਬਦਾਂ ਨੂੰ|

ਅ) ਕਿਰਿਆ ਦੀ ਕਿਸਮ ਦੱਸਣ ਵਾਲੇ ਸ਼ਬਦਾਂ ਨੂੰ|

ਏ) ਕਿਰਿਆ ਦੀ ਪਰਿਭਾਸ਼ਾ ਦੱਸਣ ਵਾਲੇ ਸ਼ਬਦਾਂ ਨੂੰ|

ਸ) ਕਿਰਿਆ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦਾਂ ਨੂੰ|

ii) ਕਿਰਿਆ ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ? ਦਿੱਤੇ ਗਏ ਵਿਕਲਪਾਂ ਅਨੁਸਾਰ ਦੱਸੋ|

ੳ) ਪੰਜ ਅ) ਤਿੰਨ

ਏ) ਦੋ ਸ) ਅੱਠ

iii)ਜਿਹੜਾ ਕਿਰਿਆ ਵਿਸ਼ੇਸ਼ਣ ਕੰਮ ਦੇ ਹੋਣ ਦਾ ਕਾਰਨ ਦੱਸੇ|ਉਸਨੂੰ ਕਿਹੜਾ ਕਿਰਿਆ ਵਿਸ਼ੇਸ਼ਣ ਆਖਦੇ ਹਨ? ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣੋ|

ੳ) ਨਿਰਣਾਵਾਚਕ ਕਿਰਿਆ ਵਿਸ਼ੇਸ਼ਣ ਅ) ਕਾਰਨਵਾਚਕ ਕਿਰਿਆ ਵਿਸ਼ੇਸ਼ਣ

ਏ) ਕਾਲਵਾਚਕ ਕਿਰਿਆ ਵਿਸ਼ੇਸ਼ਣ ਸ) ਇਹਨਾਂ ਵਿੱਚੋਂ ਕੋਈ ਨਹੀਂ

iv) ਉਹ ਅੰਦਰ ਬੈਠ ਕੇ ਪੜ੍ਹਦਾ ਹੈ? ਦਿੱਤੇ ਗਏ ਵਿਕਲਪਾਂ ਵਿੱਚੋਂ ਕਿਰਿਆ ਵਿਸ਼ੇਸ਼ਣ ਦੀ ਕਿਸਮ ਚੁਣੋ|

ੳ) ਸਥਾਨਵਾਚਕ ਕਿਰਿਆ ਵਿਸ਼ੇਸ਼ਣ ਅ) ਮਿਣਤੀਵਾਚਕ ਕਿਰਿਆ ਵਿਸ਼ੇਸ਼ਣ

ਏ) ਕਾਰਨਵਾਚਕ ਕਿਰਿਆ ਵਿਸ਼ੇਸ਼ਣ ਸ) ਸੰਖਿਆਵਾਚਕ ਕਿਰਿਆ ਵਿਸ਼ੇਸ਼ਣ

6) ਅਗੇਤਰ- ਪਿਛੇਤਰ (ਦੋ-ਦੋ ਸ਼ਬਦ ਬਣਾਉ) 2 + 2 = 4

i) ਅਗੇਤਰ – ਸਰ, ਖੁਸ਼

docs.aglasem.com

aglasem.com

ii) ਪਿਛੇਤਰ – ਵਾਨ, ਅਲ

7) ਮੁਹਾਵਰੇ (ਵਾਕਾਂ ਵਿੱਚ ਵਰਤ ਕੇ ਅਰਥ ਸਪਸ਼ਟ ਕਰਨਾ) 4x1=4

ਕੰਨ ਭਰਨੇ,ਖਿਚੜੀ ਪਕਾਉਣੀ,ਗਰਮ ਹੋਣਾ,ਚਿਹਰਾ ਉੱਡ ਜਾਣਾ

ਭਾਗ- ਏ (ਪ੍ਰਭਾਵਸ਼ਾਲੀ ਲਿਖਣ-ਕੌਸ਼ਲ)

8) ਲੇਖ-ਰਚਨਾ (ਹੇਠ ਲਿਖੇ ਤਿੰਨ ਵਿਸ਼ਿਆਂ ਵਿੱਚੋਂ ਕਿਸੇ ਇੱਕ ਉੱਤੇ ਦਿੱਤੇ ਨੁਕਤਿਆਂ ਦੇ ਆਧਾਰ 'ਤੇ ਲਗਭਗ 200 ਸ਼ਬਦਾਂ ਦਾ ਇੱਕ ਲੇਖ ਲਿਖੋ) 8x1=8

- ❖ ਦੇਸ਼ ਪਿਆਰ

ਨੁਕਤੇ: ਭੂਮਿਕਾ

ਦੇਸ਼ ਪਿਆਰ ਦਾ ਅਰਥ

ਕੁਦਰਤੀ ਜਜ਼ਬਾ

ਕੁਰਬਾਨੀਆਂ ਦਾ ਇਤਿਹਾਸ

ਦੇਸ਼ ਪਿਆਰ ਦੀ ਜ਼ਰੂਰਤ

ਵਿਦੇਸ਼ ਰਹਿ ਕੇ ਦੇਸ਼ ਪਿਆਰ

ਦੇਸ਼ ਪਿਆਰ ਦਾ ਪ੍ਰਭਾਵ

ਸਿੱਟਾ

- ❖ ਸਾਡੇ ਸਕੂਲ ਦੀ ਲਾਇਬ੍ਰੇਰੀ

ਨੁਕਤੇ: ਭੂਮਿਕਾ

ਲਾਈਬ੍ਰੇਰੀ ਦਾ ਅਰਥ

ਗਿਆਨ ਦਾ ਖਜ਼ਾਨਾ

ਲਾਇਬ੍ਰੇਰੀ ਦੀ ਜ਼ਰੂਰਤ

ਵੱਖ-ਵੱਖ ਵਿਸ਼ਿਆਂ ਦੀਆਂ ਪੁਸਤਕਾਂ

ਸਮੇਂ ਦਾ ਸਦਉਪਯੋਗ

docs.aglasem.com

aglasem.com

ਲਾਇਬ੍ਰੇਰੀ ਦਾ ਵੱਧ ਤੋਂ ਵੱਧ ਉਪਯੋਗ

ਸਿੱਟਾ

❖ ਨਾਨਕ ਦੁਖੀਆ ਸਭੁ ਸੰਸਾਰ

ਨੁਕਤੇ: ਭੂਮਿਕਾ

ਗੁਰੂ ਨਾਨਕ ਦੇਵ ਜੀ ਦਾ ਕਥਨ

ਸਾਰਾ ਸੰਸਾਰ ਦੁਖੀ

ਦੁੱਖ-ਸੁੱਖ ਜੀਵਨ ਦਾ ਅੰਗ

ਦੁੱਖ ਹੀ ਦਾਰੂ(ਦਵਾਈ) ਹੈ

ਆਮ ਲੋਕਾਂ ਦੇ ਦੁੱਖ

ਆਤਮਿਕ ਬੱਲ ਵਧਣਾ

ਸਿੱਟਾ

9) ਪੱਤਰ-ਰਚਨਾ (ਹੇਠ ਦਿੱਤੇ ਦੋ ਪੱਤਰਾਂ ਵਿੱਚੋਂ ਕਿਸੇ ਇੱਕ 'ਤੇ ਦਿੱਤੇ ਨੁਕਤਿਆਂ ਦੀ ਸਹਾਇਤਾ ਨਾਲ ਪੱਤਰ ਲਿਖੋ) 7x1=7

ਆਪਣੇ ਪਿਤਾ ਜੀ ਨੂੰ ਦਸਵੀਂ ਪਾਸ ਕਰਨ ਉਪਰੰਤ ਆਪਣੀ ਯੋਜਨਾ ਬਾਰੇ ਵਿਸਥਾਰ ਸਹਿਤ ਪੱਤਰ ਲਿਖੋ|

ਨੁਕਤੇ: ਆਦਿ (ਸੰਬੋਧਨੀ ਭਾਗ)

ਮੱਧ (ਵਿਸ਼ਾ ਤੇ ਵਿਸ਼ਾ ਵਸਤੂ)

ਅੰਤ (ਅੰਤਲਾ ਭਾਗ)

ਜਾਂ

ਆਪਣੇ ਸਕੂਲ ਮੁਖੀ ਨੂੰ ਲਾਇਬ੍ਰੇਰੀ ਵਿੱਚ ਪੰਜਾਬੀ ਦੀ ਅਖਬਾਰ ਲਗਾਉਣ ਸੰਬੰਧੀ ਬਿਨੈ-ਪੱਤਰ ਲਿਖੋ|

ਨੁਕਤੇ: ਆਦਿ (ਸੰਬੋਧਨੀ ਭਾਗ)

ਮੱਧ (ਵਿਸ਼ਾ ਤੇ ਵਿਸ਼ਾ ਵਸਤੂ)

ਅੰਤ (ਅੰਤਲਾ ਭਾਗ)

docs.aglasem.com

aglasem.com

10) ਦਿੱਤੇ ਗਏ ਚਿੱਤਰ/ਦ੍ਰਿਸ਼ ਦੇ ਆਧਾਰ 'ਤੇ ਲਗਭਗ 50 ਸ਼ਬਦਾਂ ਵਿੱਚ ਵਰਨਣ ਕਰੋ| 5



ਨੋਟ- ਹੇਠ ਦਿੱਤਾ ਗਿਆ ਪ੍ਰਸ਼ਨ ਕੇਵਲ ਦ੍ਰਿਸ਼ਟੀਹੀਣ ਵਿਦਿਆਰਥੀਆਂ ਲਈ ਹੈ|

ਬਜ਼ੁਰਗਾਂ ਦਾ ਸਤਿਕਾਰ ਕਰਨਾ ਕਿਉਂ ਜ਼ਰੂਰੀ ਹੈ? ਆਪਣੇ ਵਿਚਾਰ 50 ਸ਼ਬਦਾਂ ਵਿੱਚ ਲਿਖੋ|

ਭਾਗ-ਸ (ਪਾਠ-ਪੁਸਤਕਾਂ 'ਤੇ ਅਧਾਰਤ)

11) ਕਹਾਣੀ ਤੇ ਵਾਰਤਕ ਵਿੱਚੋਂ ਅਤਿ ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਬਹੁਵਿਕਲਪੀ) 5x1=5

i) ਪੈਸੇ ਦੀ ਤੰਗੀ ਕਿਸ ਤੋਂ ਭੈੜੀ ਹੁੰਦੀ ਹੈ?

ੳ) ਗੁਲਾਮੀ ਤੋਂ ਅ) ਹਵਾਲਾਤ ਤੋਂ

ੲ) ਦੁਸ਼ਮਣੀ ਤੋਂ ਸ) ਇਹਨਾਂ ਵਿੱਚੋਂ ਕੋਈ ਨਹੀਂ

ii) ਕਾਕੇ ਨੇ ਜਾਗਦਿਆਂ ਹੀ ਕਿਸ ਚੀਜ਼ ਦੀ ਮੰਗ ਕੀਤੀ?

ੳ) ਸਮੋਸੇ ਅ) ਪੀਜ਼ਾ

ੲ) ਕੁਲਫ਼ੀ ਸ) ਰੋਟੀ

iii) ਬਜ਼ਾਰੀ ਰਹਿਣੀ-ਬਹਿਣੀ ਨਾਲ ਕੀ ਵਧਿਆ ਹੈ?

ੳ) ਦੁਰਾਚਾਰ ਅ) ਸਦਾਚਾਰ

docs.aglasem.com

aglasem.com

ਏ) ਭਾਈਚਾਰਾ ਸ) ਜਿੰਮੇਦਾਰੀ

iv) ਮਹਿੰਗੀ ਤੇ ਪਿਆਰੀ ਵਿਰਾਸਤ ਕਿਸਨੂੰ ਕਿਹਾ ਗਿਆ ਹੈ?

ੳ) ਚਿਹਰੇ ਨੂੰ ਅ) ਪੈਸੇ ਨੂੰ

ਏ) ਬੋਲੀ ਨੂੰ ਸ) ਇਹਨਾਂ ਵਿੱਚੋਂ ਕੋਈ ਨਹੀਂ

v) ਸਮਾਜ ਅਤੇ ਦੇਸ਼ ਦਾ ਪਿਆਰ ਕਿਥੋਂ ਪੈਦਾ ਹੁੰਦਾ ਹੈ?

ੳ) ਹੋਸਟਲ ਤੋਂ ਅ) ਵਿਦੇਸ਼ ਤੋਂ

ਏ) ਘਰ ਦੇ ਪਿਆਰ ਤੋਂ ਸ) ਦੋਸਤੀ ਤੋਂ

12) ਕਵਿਤਾ ਤੇ ਇਕਾਂਗੀ ਵਿੱਚੋਂ (ਇੱਕ ਸ਼ਬਦ ਵਾਲੇ) 5x1 = 5

i) ਇਸਤਰੀ ਤੋਂ ਇਲਾਵਾ ਕਿਸ ਦੀ ਹੋਂਦ ਨੂੰ ਸਵੀਕਾਰ ਕੀਤਾ ਗਿਆ ਹੈ?

ii) ਬੇਸ਼ੁਮਾਰ ਭੁੱਲਾਂ ਕੌਣ ਕਰਦਾ ਹੈ?

iii) ਪਰਮਾਤਮਾ ਦਾ ਨਾਮ ਸਿਮਰਨ ਕਰਕੇ ਕੀ ਪ੍ਰਾਪਤ ਹੁੰਦਾ ਹੈ?

iv) ਜ਼ੀਨਤ-ਉਨ ਨਿਸਾ ਕੌਣ ਹੈ?

v) ਔਰੰਗਜ਼ੇਬ ਆਪਣਾ ਦੋਸਤ ਕਿਸਨੂੰ ਮੰਨਦਾ ਹੈ?

13) ਕਹਾਣੀ ਤੇ ਇਕਾਂਗੀ ਵਿੱਚੋਂ (ਉੱਤਰ 25-30 ਸ਼ਬਦਾਂ ਵਿੱਚ) 4x2 = 8

i) ਲੇਖਕ ਮਾਲਕ ਤੋਂ ਤਨਖਾਹ ਵਧਾਉਣ ਦੀ ਮੰਗ ਤੋਂ ਸੰਕੋਚ ਕਿਉਂ ਕਰ ਰਿਹਾ ਸੀ?

ii) ਕਾਕਾ ਸੁਪਨੇ ਵਿੱਚ ਕੀ ਬੁੜਬੁੜਾ ਰਿਹਾ ਸੀ?

iii) ਔਰੰਗਜ਼ੇਬ ਨੂੰ ਕੌਣ ਅਤੇ ਕਿਉਂ ਮਿਲਣ ਆਇਆ ਸੀ?

iv) ਜ਼ਫ਼ਰਨਾਮਾ ਕਿਸਨੂੰ ਆਖਦੇ ਹਨ?

14) ਕਵਿਤਾ ਤੇ ਵਾਰਤਕ ਵਿੱਚੋਂ (ਕੋਈ ਦੋ ਪ੍ਰਸ਼ਨ ਹੱਲ ਕਰੋ) ਪ੍ਰਸ਼ਨਾਂ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ| 2x4 = 8

i) 'ਸੋ ਕਿਉ ਮੰਦਾ ਆਖੀਐ' ਸ਼ਬਦ ਵਿੱਚ ਇਸਤਰੀ ਦੀ ਮਹਾਨਤਾ ਦੱਸੀ ਗਈ ਹੈ, ਸੰਖੇਪ ਵਿੱਚ ਵਰਨਣ ਕਰੋ|

ii) ਸਾਡੇ ਰੋਜ਼ਾਨਾ ਜੀਵਨ ਵਿੱਚ ਬੋਲੀ ਦਾ ਕੀ ਮਹੱਤਵ ਹੈ?

docs.aglasem.com

aglasem.com

iii) ‘ਘਰ ਦਾ ਪਿਆਰ’ ਲੇਖ ਅਨੁਸਾਰ ਘਰ ਤੋਂ ਕੀ ਭਾਵ ਹੈ?

15) ਇਕਾਂਗੀ ‘ਚੋਂ ਵੱਡੇ ਉੱਤਰਾਂ ਵਾਲੇ ਚੋਣ ਅਧਾਰਤ ਪ੍ਰਸ਼ਨ (ਉੱਤਰ 50-60 ਸ਼ਬਦਾਂ ਵਿੱਚ)

1x4 = 4

ਬੇਗਮ ਊਦੈਪੁਰੀ ਦਾ ਪਾਤਰ-ਚਿਤਰਨ ਕਰੋ|

ਜਾਂ

ਵਜ਼ੀਰ ਖਾਨ ਨੇ ਔਰੰਗਜ਼ੇਬ ਦਾ ਨਾਂ ਕਿਵੇਂ ਬਦਨਾਮ ਕੀਤਾ?

docs.aglasem.com

aglasem.com

Sample Papers

- CBSE Sample Papers
- ICSE / ISC Board Sample Papers
- AP Board Sample Papers
- Assam Board Sample Papers
- Bihar Board Sample Papers
- Chhattisgarh Board Sample Papers
- Goa Board Sample Papers
- Gujarat Board Sample Papers
- Haryana Board Sample Papers
- HP Board Sample Papers
- J&K State Board Sample Papers
- Jharkhand Board Sample Papers
- Karnataka Board Sample Papers
- Kerala Board Sample Papers

Sample Papers

- MP Board Sample Papers
- Maharashtra Board Sample Papers
- Manipur Board Sample Papers
- Mizoram Board Sample Papers
- Orissa Board Sample Papers
- Punjab Board Sample Papers
- Rajasthan Board Sample Papers
- Tamil Nadu Board Sample Papers
- Telangana State Board Sample Papers
- Tripura Board Sample Papers
- UP Board Sample Papers
- Uttarakhand Board Sample Papers
- West Bengal Board Sample Papers

